(This Question paper contains 1 printed page) Roll No. ________

S.No. of Question Paper : 6409
Unique Paper Code : 2122204701
Name of the Paper : Punjabi Khoj
Type of Paper : DSC
Semester : VII
Programme : B.A. Prog
Duration : 3 Hrs. Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ |**

**ਭਾਗ ਪਹਿਲਾ**

1. ਖੋਜ ਨੂੰ ਪਰਿਭਾਸ਼ਿਤ ਕਰਦਿਆਂ, ਇਸ ਦੀਆਂ ਵਿਭਿੰਨ ਵਿਧੀਆਂ ਉਪਰ ਚਾਨਣਾ ਪਾਓ। 15

ਜਾਂ

ਖੋਜ ਸ਼ਬਦ ਦੀ ਵਿਉਂਤਪਤੀ ਨੂੰ ਸਪੱਸ਼ਟ ਕਰਦਿਆਂ, ਖੋਜ ਦੇ ਸਰੂਪ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

**ਭਾਗ ਦੂਜਾ**

2. ਪੰਜਾਬੀ ਵਿਚ ਉਪਾਧੀ ਸਾਪੇਖ ਖੋਜ ਦਾ ਮੁੱਢ ਕਿਵੇਂ ਬੱਝਿਆ? ਇਸ ਦੇ ਵਿਕਾਸ ਦੇ ਮੁੱਖ ਪੜਾਵਾਂ ਨੂੰ ਉਲੀਕੋ। 15

ਜਾਂ

ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਖੋਜ ਵਿਚ ਅੰਤਰ ਸਪੱਸ਼ਟ ਕਰਦਿਆਂ, ਪੰਜਾਬੀ ਵਿਚ ਉਪਾਧੀ ਨਿਰਪੇਖ ਖੋਜ ਦੇ ਨਿਕਾਸ-ਵਿਕਾਸ ਪੜਾਵਾਂ ਨੂੰ ਉਲੀਕੋ।

3. "ਪੰਜਾਬੀ ਵਿਚ ਖੋਜ ਦਾ ਆਰੰਭ ਅਕਾਦਮਿਕ ਲੋੜਾਂ ਵਿਚੋਂ ਹੋਇਆ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਉੱਤਰ ਦਲੀਲਾਂ ਸਹਿਤ ਦਿਓ। 10

ਜਾਂ

ਪੰਜਾਬੀ ਵਿਚ ਸਾਹਿਤਕ ਖੋਜ ਨੂੰ ਉਤਸ਼ਾਹਿਤ ਕਰਨ ਵਿਚ ਪੱਤਰਕਾਰੀ ਨੇ ਅਹਿਮ ਭੂਮਿਕਾ ਕਿਵੇਂ ਨਿਭਾਈ? ਸਪੱਸ਼ਟ ਕਰੋ।

**ਭਾਗ ਤੀਜਾ**

4. ਖੋਜ ਲਈ ਪ੍ਰਯੋਗ ਹੋਣ ਵਾਲੇ ਸੰਦਾਂ ਤੋਂ ਕੀ ਭਾਵ ਹੈ? ਖੇਤਰੀ ਖੋਜ ਦੇ ਪ੍ਰਮੁੱਖ ਸੰਦਾਂ ਨਾਲ ਜਾਣ-ਪਛਾਣ ਕਰਾਓ। 15

ਜਾਂ

ਖੋਜ ਕਾਰਜ ਨੂੰ ਸ਼ੁੱਧ ਅਤੇ ਮਿਆਰੀ ਰੂਪ ਵਿਚ ਨੇਪਰੇ ਚਾੜ੍ਹਨ ਲਈ ਪੁਸਤਕਾਂ ਕਿਵੇਂ ਸਹਾਇਕ ਹੋ ਸਕਦੀਆਂ ਹਨ? ਚਰਚਾ ਕਰੋ।

5. ਖੋਜ ਦੇ ਪ੍ਰਾਥਮਿਕ ਸ੍ਰੋਤ ਕਿਹੜੇ ਹੁੰਦੇ ਹਨ? ਇਨ੍ਹਾਂ ਬਾਰੇ ਸੰਖਿਪਤ ਨੋਟ ਲਿਖੋ। 10

ਜਾਂ

ਖੋਜ ਦੇ ਗੌਣ ਸਰੋਤ, ਖੋਜ ਵਿਚ ਕਿਵੇਂ ਸਹਾਇਕ ਹੋ ਸਕਦੇ ਹਨ? ਸਪੱਸ਼ਟ ਕਰੋ।

**ਭਾਗ ਚੌਥਾ**

6. ਪੁਸਤਕ ਸੂਚੀ ਤੋਂ ਕੀ ਭਾਵ ਹੈ? ਇਸ ਨੂੰ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ? ਉਦਾਹਰਨਾਂ ਸਹਿਤ ਲਿਖੋ। 15

ਜਾਂ

ਹਵਾਲੇ ਤੇ ਟਿੱਪਣੀਆਂ ਤੋਂ ਕੀ ਭਾਵ ਹੈ? ਖੋਜ ਕਾਰਜ ਵਿਚ ਇਨ੍ਹਾਂ ਦੀ ਲੋੜ ਅਤੇ ਮਹੱਤਤਾ ਉਦਾਹਰਨਾਂ ਸਹਿਤ ਸਪੱਸ਼ਟ ਕਰੋ।

7. ਕਾਪੀਰਾਈਟ ਤੋਂ ਕੀ ਭਾਵ ਹੈ? ਕਾਪੀਰਾਈਟ ਦੇ ਨੇਮਾਂ ਨਾਲ ਜਾਣ-ਪਛਾਣ ਕਰਾਓ। 10

ਜਾਂ

ਖੋਜ ਕਾਰਜ ਵਿਚ ਸਾਹਿਤਕ ਚੋਰੀ ਤੋਂ ਕੀ ਭਾਵ ਹੈ? ਇਹ ਖੋਜ-ਕਾਰਜ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ? ਸਪੱਸ਼ਟ ਕਰੋ।